## ਕਿਉਂ ਐਸਬੀਆਈ ਲਾਈਫ਼ – ਸਰਲ ਜੀਵਨ ਬੀਮਾ?

ਇੱਕ ਅਜਿਹਾ ਹੱਲ ਜੋ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਅਣਚਿਤਵੇ ਹਾਲਾਤਾਂ ਵਿੱਚ ਵੀ ਆਰਥਿਕ ਤੌਰ ਤੇ ਸੁਰੱਖਿਅਤ ਰਹਿਣ ਦੀ ਆਜ਼ਾਦੀ ਦਿੰਦਾ ਹੈ। ਐਸਬੀਆਈ ਲਾਈਫ਼ – ਸਰਲ ਜੀਵਨ ਬੀਮਾ ਇੱਕ ਵਿਅਕਤੀਗਤ, ਨੌਨ-ਲਿੰਕਡ, ਨੌਨ-ਪਾਰਟੀਸਿਪੇਟਿੰਗ, ਲਾਈਫ਼ ਇੰਸ਼ੋਰੈਂਸ ਪਿਓਰ ਰਿਸਕ ਪ੍ਰੀਮੀਅਮ ਉਤਪਾਦ ਹੈ। ਇਹ ਉਹਨਾਂ ਲੋਕਾਂ ਲਈ ਬਿਲਕੁਲ ਸਹੀ ਹੈ, ਜਿਹਨਾਂ ਨੂੰ ਪਿਓਰ ਪ੍ਰੋਟੈਕਸ਼ਨ ਕਵਰ ਚਾਹੀਦਾ ਹੈ ਅਤੇ ਜੋ ਇਕ ਸਰਲ ਪਲਾਨ ਦੀ ਖੋਜ ਵਿੱਚ ਪਹਿਲੀ ਵਾਰੀ ਖ਼ਰੀਦਾਰੀ ਕਰ ਰਹੇ ਹਨ।

## ਮੁੱਖ ਖ਼ੂਬੀਆਂ

- **ਤੁਹਾਡੇ ਪਰਿਵਾਰ ਲਈ ਸਟੈਂਡਰਡ ਟਰਮ ਪਲਾਨ ਦੇ ਨਾਲ ਸੁਰੱਖਿਆ, ਵਾਜਬ ਖ਼ਰਚੇ ਤੇ**
- **ਸਟੈਂਡਰਡ ਨਿਯਮਾਂ ਅਤੇ ਸ਼ਰਤਾਂ ਦੇ ਨਾਲ ਸਮਝਣ ਵਿੱਚ ਆਸਾਨੀ**
- **ਪ੍ਰੀਮੀਅਮ ਭਰਨ ਦੇ ਵਿਕਲਪਾਂ ਦੀ ਸਹੂਲਤ****
- **ਆਮਦਨੀ ਕਰ ਕਾਨੂੰਨ 1961 ਦੇ ਅਧੀਨ ਪ੍ਰਚਲਿਤ ਮਾਪਦੰਡਾਂ ਦੇ ਅਨੁਸਾਰ ਕਰ ਲਾਭ#**

**ਇਕ ਵਾਰੀ, ਨਿਯਮਿਤ ਜਾਂ (5/10 ਸਾਲਾਂ) ਦੇ ਸੀਮਤ ਸਮੇਂ ਲਈ

#ਕਰ ਲਾਭ, ਇਨਕਮ ਟੈਕਸ ਕਾਨੂੰਨਾਂ ਦੀਆਂ ਧਾਰਾਵਾਂ ਦੇ ਅਨੁਸਾਰ ਹਨ ਅਤੇ ਸਮੇਂ-ਸਮੇਂ ਅਨੁਸਾਰ ਬਦਲ ਸਕਦੇ ਹਨ । ਹੋਰ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਕਰ ਸਲਾਹਕਾਰ ਨਾਲ ਸਲਾਹ-ਮਸ਼ਵਰਾ ਕਰ ਲਓ।

### ਉਡੀਕ ਦਾ ਸਮਾਂ :

ਜੋਖਮ ਸ਼ੁਰੂ ਹੋਣ ਦੀ ਮਿਤੀ ਤੋਂ 45 ਦਿਨ।


ਇਹ ਪਾਲਸੀ ਜੋਖਮ ਸ਼ੁਰੂ ਹੋਣ ਦੀ ਮਿਤੀ ਤੋਂ 45 ਦਿਨਾਂ ਦੇ ਉਡੀਕ ਦੇ ਸਮੇਂ ਦੌਰਾਨ ਕੇਵਲ ਦੁਰਘਟਨਾ ਕਾਰਨ ਮੌਤ ਨੂੰ ਕਵਰ ਕਰੇਗੀ। ਉਡੀਕ ਦੇ ਸਮੇਂ ਦੌਰਾਨ, ਦੁਰਘਟਨਾ ਨੂੰ ਛੱਡ ਕੇ ਕਿਸੇ ਹੋਰ ਕਾਰਨ ਕਰਕੇ ਬੀਮੇ ਵਾਲੇ ਵਿਅਕਤੀ ਦੀ ਮੌਤ ਦੇ ਮਾਮਲੇ ਵਿੱਚ ਸਾਰੇ ਪ੍ਰੀਮੀਅਮਾਂ ਦੇ 100% ਦੇ ਬਰਾਬਰ ਰਕਮ, ਕਰਾਂ ਨੂੰ ਛੱਡ ਕੇ, ਦਿੱਤੀ ਜਾਵੇਗੀ।

## ਉਦਾਹਰਣ

ਸ਼੍ਰੀ ਕੁਮਾਰ 35 ਸਾਲਾਂ ਦੇ ਇੱਕ ਤੰਦਰੁਸਤ ਵਿਅਕਤੀ ਹਨ, ਜੋ 30 ਸਾਲਾਂ ਦੀ ਪਾਲਸੀ ਦੀ ਮਿਆਦ ਲਈ ₹20,00,000 ਬੀਮੇ ਦੀ ਰਕਮ ਲਈ ₹11,480 ਪ੍ਰਤੀ ਸਾਲ (ਟੈਕਸ ਛੱਡ ਕੇ) ਦਾ ਨਿਯਮਿਤ ਪ੍ਰੀਮੀਅਮ ਭਰਨਾ ਚੁਣਦੇ ਹਨ। ਉਹਨਾਂ ਨੂੰ 30 ਸਾਲਾਂ ਤਕ ਜਾਂ ਪਾਲਸੀ ਦੀ ਸਮਾਪਤੀ ਤਕ, ਜੋ ਵੀ ਪਹਿਲਾਂ ਹੋਵੇ, ਸਾਲਾਨਾ ਪ੍ਰੀਮੀਅਮ ਭਰਨਾ ਪਵੇਗਾ।

ਪਾਲਸੀ ਦੀ ਮਿਆਦ ਦੇ ਦੌਰਾਨ@ ਬੀਮੇ ਵਾਲੇ ਵਿਅਕਤੀ ਦੀ ਮੌਤ ਦੇ ਮੰਦਭਾਗੇ ਮਾਮਲੇ ਵਿੱਚ ₹20,00,000 ਦੇ ਬਰਾਬਰ ਬੀਮੇ ਦੀ ਰਕਮ ਨਾਮਜ਼ਦ ਵਿਅਕਤੀ/ਲਾਭਪਾਤਰ ਨੂੰ ਦਿੱਤੀ ਜਾਵੇਗੀ, ਜਿਹੋ ਜਿਹਾ ਵੀ ਮਾਮਲਾ ਹੋਵੇ।

@ਬਸ਼ਰਤੇ ਮੌਤ ਦੀ ਮਿਤੀ ਵੇਲੇ ਪਾਲਸੀ ਜਾਰੀ ਹੋਵੇ ਅਤੇ ਉਡੀਕ ਦੇ ਸਮੇਂ ਤੋਂ ਅੱਗੇ ਹੋਵੇ।




ਉੱਪਰ ਵਿਖਾਏ ਕੁੱਲ ਭਰੇ ਗਏ ਪ੍ਰੀਮੀਅਮਾਂ ਵਿੱਚ ਟੈਕਸ ਅਤੇ ਵਾਧੂ ਪ੍ਰੀਮੀਅਮ, ਜੇ ਕੋਈ ਹੋਣ, ਸ਼ਾਮਲ ਨਹੀਂ ਹਨ।

## ਪਲਾਨ ਦੀ ਪਾਤਰਤਾ

<table>
<tr><td>ਦਾਖ਼ਲੇ ਵੇਲੇ ਉਮਰ^</td><td colspan="2">ਘੱਟੋ-ਘੱਟ : 18 ਸਾਲ</td><td colspan="3">ਵੱਧ ਤੋਂ ਵੱਧ : ਪੀਓਐਸਪੀ ਲਈ : 60 ਸਾਲ<br>ਬਾਕੀ ਚੈਨਲਾਂ ਲਈ : 65 ਸਾਲ</td></tr>
<tr><td>ਮਿਆਦ ਪੂਰੀ ਹੋਣ ਵੇਲੇ ਵੱਧ ਤੋਂ ਵੱਧ ਉਮਰ^</td><td colspan="5">ਪੀਓਐਸਪੀ ਲਈ : 65 ਸਾਲ, ਬਾਕੀ ਚੈਨਲਾਂ ਲਈ : 70 ਸਾਲ</td></tr>
<tr><td rowspan="3">ਪਾਲਸੀ ਦੀ ਮਿਆਦ</td><td colspan="5">5 ਤੋਂ 40<br>ਪ੍ਰੀਮੀਅਮ ਭਰਨ ਦੀ ਮਿਆਦ ਅਤੇ ਪਾਲਸੀ ਦੀ ਮਿਆਦ ਦੇ ਮੇਲ ਹੇਠਾਂ ਲਿਖੇ ਅਨੁਸਾਰ ਹਨ :</td></tr>
<tr><td>ਪ੍ਰੀਮੀਅਮ ਭਰਨ ਦੀ ਮਿਆਦ</td><td>ਨਿਯਮਿਤ ਪ੍ਰੀਮੀਅਮ</td><td>ਸੀਮਤ ਪ੍ਰੀਮੀਅਮ : 5 ਸਾਲ</td><td>ਸੀਮਤ ਪ੍ਰੀਮੀਅਮ : 10 ਸਾਲ</td><td>ਸਿੰਗਲ ਪ੍ਰੀਮੀਅਮ</td></tr>
<tr><td>ਪਾਲਸੀ ਦੀ ਮਿਆਦ (ਸਾਲਾਨਾ)</td><td>5 ਤੋਂ 40</td><td>10 ਤੋਂ 40</td><td>15 ਤੋਂ 40</td><td>5 ਤੋਂ 40</td></tr>
<tr><td>ਮੂਲ ਬੀਮੇ ਦੀ ਰਕਮ<br>(₹50,000 ਦੇ ਗੁਣਜਾਂ ਵਿੱਚ)</td><td colspan="5">ਘੱਟੋ-ਘੱਟ : ₹5,00,000<br>ਵੱਧ ਤੋਂ ਵੱਧ : ₹25,00,000<br>ਵੱਧ ਤੋਂ ਵੱਧ ਮੂਲ ਬੀਮੇ ਦੀ ਰਕਮ ਦੀ ਇਜਾਜ਼ਤ ਬੋਰਡ ਦੁਆਰਾ ਮਨਜ਼ੂਰ ਅੰਡਰਰਾਈਟਿੰਗ ਪਾਲਸੀ ਅਨੁਸਾਰ ਹੋਵੇਗੀ।<br>ਅੰਡਰਰਾਈਟਿੰਗ ''ਬੋਰਡ ਦੁਆਰਾ ਮਨਜ਼ੂਰ ਅੰਡਰਰਾਈਟਿੰਗ ਪਾਲਸੀ'' ਅਨੁਸਾਰ ਹੋਵੇਗਾ।</td></tr>
<tr><td>ਪ੍ਰੀਮੀਅਮ ਭਰਨ ਦੇ ਵਿਕਲਪ</td><td colspan="5">ਨਿਯਮਿਤ ਪ੍ਰੀਮੀਅਮ, ਸੀਮਤ ਪ੍ਰੀਮੀਅਮ (5 ਅਤੇ 10 ਸਾਲ), ਸਿੰਗਲ ਪ੍ਰੀਮੀਅਮ</td></tr>
<tr><td>ਪ੍ਰੀਮੀਅਮ ਭਰਣ ਦਾ ਵਕਫ਼ਾ</td><td colspan="5">ਸਾਲਾਨਾ, ਛਿਮਾਹੀ, ਮਾਸਿਕ^^ ਅਤੇ ਸਿੰਗਲ ਪ੍ਰੀਮੀਅਮ</td></tr>
<tr><td>ਪ੍ਰੀਮੀਅਮ ਦੇ ਵਕਫ਼ੇ ਲਈ ਲੋਡਿੰਗ</td><td colspan="5">ਛਿਮਾਹੀ : ਸਾਲਾਨਾ ਪ੍ਰੀਮੀਅਮ ਦਾ 51.00%<br>ਮਾਸਿਕ : ਸਾਲਾਨਾ ਪ੍ਰੀਮੀਅਮ ਦਾ 8.50%</td></tr>
<tr><td>$$ਪ੍ਰੀਮੀਅਮ ਦੀਆਂ ਰਕਮਾਂ</td><td colspan="2">ਘੱਟੋ-ਘੱਟ :<br>ਸਿੰਗਲ – ₹5,480<br>ਸਾਲਾਨਾ – ₹1,415<br>ਛਿਮਾਹੀ – ₹721.65<br>ਮਾਸਿਕ – ₹120.28</td><td colspan="3">ਵੱਧ ਤੋਂ ਵੱਧ :<br>ਸਿੰਗਲ – ₹4,15,475<br>ਸਾਲਾਨਾ – ₹1,01,025<br>ਛਿਮਾਹੀ – ₹51,522.75<br>ਮਾਸਿਕ – ₹8,587.13<br>ਵੱਧ ਤੋਂ ਵੱਧ ਪ੍ਰੀਮੀਅਮ ਬੋਰਡ ਦੁਆਰਾ ਪ੍ਰਮਾਣਿਤ ਅੰਡਰਰਾਈਟਿੰਗ ਨੀਤੀ ਦੇ ਅਧੀਨ ਹੋਵੇਗਾ।</td></tr>
</table>

*^ਉਮਰ ਸਬੰਧੀ ਸਾਰੇ ਹਵਾਲੇ ਪਿਛਲੇ ਜਨਮ ਦਿਨ ਤੇ ਉਮਰ ਅਨੁਸਾਰ ਹਨ ।*

*$$ਉੱਪਰ ਵਿਖਾਏ ਗਏ ਪ੍ਰੀਮੀਅਮ ਲਾਗੂ ਕਰਾਂ ਤੋਂ ਬਿਨਾਂ ਹਨ ਅਤੇ ਅੰਡਰਾਈਟਿੰਗ ਵੱਖਰਾ। ਕਰ ਮੌਜੂਦਾ ਕਰ ਕਾਨੂੰਨਾਂ ਅਨੁਸਾਰ ਲਾਗੂ ਹੋਣਗੇ।*

*^^ਮਾਸਿਕ ਵਕਫ਼ੇ ਲਈ, 3 ਮਹੀਨਿਆਂ ਤਕ ਦਾ ਪ੍ਰੀਮੀਅਮ ਅਗਾਊਂ ਦੇਣਾ ਹੋਵੇਗਾ। ਅਗਲੇ ਪ੍ਰੀਮੀਅਮ ਦੀ ਅਦਾਇਗੀ ਕੇਵਲ ਇਲੈਕਟ੍ਰੌਨਿਕ ਕਲੀਅਰਿੰਗ ਸਿਸਟਮ (ECS) ਜਾਂ NACH (ਜਿੱਥੇ ਅਦਾਇਗੀ ਬੈਂਕ ਖਾਤੇ ਦੇ ਡਾਇਰੈਕਟ ਡੈਬਿਟ ਜਾਂ ਕ੍ਰੈਡਿਟ ਕਾਰਡ ਦੁਆਰਾ ਕੀਤੀ ਜਾਂਦੀ ਹੈ) ਰਾਹੀਂ। ਮਾਸਿਕ ਸੈਲਰੀ ਸੇਵਿੰਗ ਸਕੀਮ (SSS) ਲਈ 2 ਮਹੀਨੇ ਤਕ ਦਾ ਪ੍ਰੀਮੀਅਮ ਪੇਸ਼ਗੀ ਭਰਨਾ ਚਾਹੀਦਾ ਹੈ ਅਤੇ ਨਵੀਨੀਕਰਣ ਪ੍ਰੀਮੀਅਮ ਭਰਣ ਦੀ ਇਜਾਜ਼ਤ ਕੇਵਲ ਵੇਤਨ ਕਟੌਤੀ ਰਾਹੀਂ ਹੈ।*

## ਛੋਟਾਂ ਦੀ ਮਨਾਹੀ

**ਸਮੇਂ-ਸਮੇਂ ਤੇ ਸੋਧੀ ਬੀਮਾ ਕਾਨੂੰਨ, 1938 ਦੀ ਧਾਰਾ 41 ਕਹਿੰਦੀ ਹੈ :**

1) ਕੋਈ ਵੀ ਵਿਅਕਤੀ, ਕਿਸੇ ਵੀ ਵਿਅਕਤੀ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਭਾਰਤ ਵਿੱਚ ਜੀਵਨ ਜਾਂ ਜਾਇਦਾਦ ਸਬੰਧੀ ਕਿਸੇ ਵੀ ਤਰ੍ਹਾਂ ਦੇ ਜੋਖਮ ਦਾ ਬੀਮਾ ਕਰਵਾਉਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ ਕਿਸੇ ਤਰ੍ਹਾਂ ਦਾ ਲਾਲਚ ਨਹੀਂ ਦੇਵੇਗਾ ਜਾਂ ਪੇਸ਼ ਨਹੀਂ ਕਰੇਗਾ, ਭਾਵੇਂ ਇਹ ਮਿਲਣ ਵਾਲੇ ਕਮਿਸ਼ਨ ਦੇ ਪੂਰੇ ਜਾਂ ਇਕ ਹਿੱਸੇ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਜਾਂ ਪਾਲਸੀ ਉੱਤੇ ਵਿਖਾਏ ਗਏ ਪ੍ਰੀਮੀਅਮ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਅਤੇ ਨਾ ਹੀ ਕੋਈ ਵਿਅਕਤੀ ਪਾਲਸੀ ਲੈਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ, ਸਿਰਫ਼ ਉਸ ਛੂਟ ਨੂੰ ਛੱਡ ਕੇ ਕੋਈ ਹੋਰ ਛੋਟ ਸਵੀਕਾਰ ਕਰੇਗਾ, ਜੋ ਛਪੀ ਹੋਈ ਪ੍ਰਾਸਪੈਕਟਸ ਜਾਂ ਬੀਮਾਕਰਤਾ ਦੀ ਸੂਚੀ ਅਨੁਸਾਰ ਦਿੱਤੀ ਜਾ ਸਕਦੀ ਹੋਵੇ।
2) ਅਜਿਹਾ ਕੋਈ ਵੀ ਵਿਅਕਤੀ ਜੋ ਇਸ ਧਾਰਾ ਦੀਆਂ ਸ਼ਰਤਾਂ ਉੱਤੇ ਅਮਲ ਕਰਨ ਵਿੱਚ ਅਣਗਹਿਲੀ ਕਰਦਾ ਹੈ, ਉਹ ਦੰਡ ਦਾ ਪਾਤਰ ਹੋਵੇਗਾ, ਜੋ ਦਸ ਲੱਖ ਰੁਪਏ ਤਕ ਹੋ ਸਕਦਾ ਹੈ।

**Toll-free No.:** 1800 267 9090 | SMS '**LIBERATE**' to 56161 | **Email:** info@sbilife.co.in | **Web:** www.sbilife.co.in
(Between 9.00 am & 9.00 pm)

ਐਸਬੀਆਈ ਲਾਈਫ਼ - ਸਰਲ ਜੀਵਨ ਬੀਮਾ ਇੱਕ ਵਿਅਕਤੀਗਤ, ਨੌਨ-ਲਿੰਕਡ, ਨੌਨ-ਪਾਰਟੀਸਿਪੇਟਿੰਗ, ਲਾਈਫ਼ ਇੰਸ਼ੋਰੈਂਸ ਪਿਓਰ ਰਿਸਕ ਪ੍ਰੀਮੀਅਮ ਉਤਪਾਦ ਹੈ।

**ਨਕਲੀ ਫੋਨ ਕਾਲਾਂ ਅਤੇ ਕਾਲਪਨਿੱਕ ਅਤੇ ਧੋਖਾਧੜੀ ਵਾਲੀਆਂ ਪੇਸ਼ਕਸ਼ਾਂ ਤੋਂ ਸਾਵਧਾਨ ਰਹੋ :**
IRDAI ਬੀਮਾ ਪਾਲਸੀਆਂ ਦੀ ਵਿੱਕਰੀ, ਬੋਨਸ ਦੀ ਘੋਸ਼ਣਾ ਜਾਂ ਪ੍ਰੀਮਿਅਮਾਂ ਦੇ ਨਿਵੇਸ਼ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਨਹੀਂ ਹੈ। ਅਜਿਹੀਆਂ ਕਾਲਾਂ ਪ੍ਰਾਪਤ ਕਰਨ ਵਾਲੀ ਜਨਤਾ ਨੂੰ ਪੁਲਿਸ ਕੋਲ ਸ਼ਿਕਾਇਤ ਦਰਜ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

ਜੋਖਮ ਤੱਤਾਂ, ਨਿਯਮਾਂ ਅਤੇ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਵਿਕਰੀ ਪੂਰੀ ਹੋਣ ਤੋਂ ਪਹਿਲਾਂ ਸੇਲਜ਼ ਬ੍ਰੋਸ਼ਰ ਧਿਆਨ ਨਾਲ ਪੜ੍ਹੋ। ਉੱਪਰ ਵਿਖਾਇਆ ਗਿਆ ਟਰੇਡ ਲੋਗੋ ਭਾਰਤੀ ਸਟੇਟ ਬੈਂਕ ਦੀ ਸੰਪੱਤੀ ਹੈ ਅਤੇ ਐਸਬੀਆਈ ਲਾਈਫ਼ ਦੁਆਰਾ ਲਾਈਸੈਂਸ ਅਧੀਨ ਵਰਤਿਆ ਗਿਆ ਹੈ। ਐਸਬੀਆਈ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮਿਟੇਡ, ਰਜਿਸਟਰਡ ਅਤੇ ਕਾਰਪੋਰੇਟ ਦਫ਼ਤਰ : ਨਟਰਾਜ, ਐਮ. ਵੀ. ਰੋਡ ਅਤੇ ਵੈਸਟਰਨ ਐਕਸਪ੍ਰੈਸ ਹਾਈਵੇ ਜੰਕਸ਼ਨ, ਅੰਧੇਰੀ (ਪੂਰਬ), ਮੁੰਬਈ- 400069. **IRDAI ਰਜਿਸਟ੍ਰੇਸ਼ਨ ਨੰਬਰ 111** | CIN : L99999MH2000PLC129113.
2Q/ver1/08/22/SP/PUN